# Punjab Government Gazette

*Published by Authority*

No. 7] CHANDIGARH, FRIDAY, FEBRUARY 13, 2026 (MAGHA 24, 1947 SAKA)


# PART I

**Punjab Government Notifications and Orders**

**ਪੰਜਾਬ ਸਰਕਾਰ**

ਸਿਖਿਆ ਵਿਭਾਗ

(ਸਿਖਿਆ-6 ਸ਼ਾਖਾ)

**ਅਧਿਸੂਚਨਾ**

ਮਿਤੀ 3 ਮਾਰਚ, 2023

ਨੰ: 11/01/2023-5ਸਿ6/24.-

1. ਮੰਤਰੀ ਪ੍ਰੀਸ਼ਦ ਵੱਲੋਂ ਮਿਤੀ 21.02.2023 ਨੂੰ ਹੋਈ ਮੀਟਿੰਗ ਵਿੱਚ ਦਿੱਤੀ ਗਈ ਪ੍ਰਵਾਨਗੀ ਦੇ ਸਨਮੁੱਖ ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਡਾਇਰੈਕਟਰ ਪਬਲਿਕ ਇੰਸਟ੍ਰਕਸ਼ਨਸ (ਸੈਕੰਡਰੀ ਸਿੱਖਿਆ), ਪੰਜਾਬ ਦਾ ਨਾਮ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ ਅਤੇ ਡਾਇਰੈਕਟਰ ਪਬਲਿਕ ਇੰਸਟ੍ਰਕਸ਼ਨਸ (ਐਲੀਮੈਂਟਰੀ ਸਿੱਖਿਆ), ਪੰਜਾਬ ਦਾ ਨਾਮ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ ਕਰਨ ਦੀ ਪ੍ਰਵਾਨਗੀ ਦਿੰਦੇ ਹਨ।

2. ਇਹ ਅਧਿਸੂਚਿਤ ਕੀਤਾ ਜਾਂਦਾ ਹੈ ਕਿ ਭਵਿੱਖ ਵਿੱਚ, ਜਿੱਥੇ ਵੀ, ਡਾਇਰੈਕਟਰ ਪਬਲਿਕ ਇੰਸਟ੍ਰਕਸ਼ਨਸ (ਸੈਕੰਡਰੀ ਸਿੱਖਿਆ), ਪੰਜਾਬ ਅਤੇ ਡਾਇਰੈਕਟਰ ਪਬਲਿਕ ਇੰਸਟ੍ਰਕਸ਼ਨਸ (ਐਲੀਮੈਂਟਰੀ ਸਿੱਖਿਆ), ਪੰਜਾਬ ਦੇ ਤੌਰ ਤੇ ਨਾਮਕਰਨ, ਕਿਸੇ ਨਿਯਮ,ਅਧਿਸੂਚਨਾ,ਰੈਗੂਲੇਸ਼ਨ,ਹਦਾਇਤ ਜਾਂ ਕਿਸੇ ਵਿਧਾਨਿਕ ਕਿਤਾਬ ਵਿੱਚ ਪ੍ਰਗਟ ਹੁੰਦਾ ਹੈ, ਉਥੇ ਕ੍ਰਮਵਾਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ ਅਤੇ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ ਦੇ ਤੌਰ ਤੇ ਬਦਲਿਆ ਸਮਝਿਆ ਜਾਵੇਗਾ।

3. ਮੰਤਰੀ ਪ੍ਰੀਸ਼ਦ ਵੱਲੋਂ ਮਿਤੀ 21.02.2023 ਨੂੰ ਹੋਈ ਮੀਟਿੰਗ ਵਿੱਚ ਦਿੱਤੀ ਗਈ ਪ੍ਰਵਾਨਗੀ ਦੇ ਸਨਮੁੱਖ ਡਾਇਰਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ ਅਤੇ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ ਦੇ ਨਿਮਨਲਿਖਤ ਅਹੁਦਿਆਂ ਦਾ ਨਾਮ ਹੇਠ ਅਨੁਸਾਰ ਬਦਲਿਆ ਜਾਂਦਾ ਹੈ ਅਤੇ ਭਵਿੱਖ ਵਿੱਚ ਇਨ੍ਹਾਂ ਅਧਿਕਾਰੀਆਂ ਨਾਲ ਪੱਤਰ ਵਿਹਾਰ ਕਰਦੇ ਸਮੇਂ ਇਨਾਂ ਨੂੰ ਉਕਤ ਨਾਮ ਅਨੁਸਾਰ ਸੰਬੋਧਿਤ ਕੀਤਾ ਜਾਵੇ:

| ਲੜੀ ਨੰ | ਮੌਜੂਦਾ ਸਮੇਂ ਵਿੱਚ ਅਧਿਕਾਰੀਆਂ ਦੇ ਅਹੁਦੇ ਦਾ ਨਾਮ | ਨੋਟੀਫਿਕੇਸ਼ਨ ਉਪਰੰਤ ਅਧਿਕਾਰੀਆਂ ਦੇ ਅਹੁਦੇ ਦਾ ਨਾਮ |
|---|---|---|
| 1 | ਡਾਇਰੈਕਟਰ, ਡੀ.ਪੀ.ਆਈ (ਸੈ:ਸਿ), ਪੰਜਾਬ | ਡਾਇਰੈਕਟਰ, ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ |
| 2 | ਡਾਇਰੈਕਟਰ, ਡੀ.ਪੀ.ਆਈ (ਐ:ਸਿ), ਪੰਜਾਬ | ਡਾਇਰੈਕਟਰ, ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ |
| 3 | ਡਿਪਟੀ ਡਾਇਰੈਕਟਰ, ਡੀ.ਪੀ.ਆਈ (ਸੈ:ਸਿ/ਐ:ਸਿ), ਪੰਜਾਬ | ਡਿਪਟੀ ਡਾਇਰੈਕਟਰ, ਸਕੂਲ ਐਜੂਕੇਸ਼ਨ (ਸੈਕੰਡਰੀ/ਐਲੀਮੈਂਟਰੀ), ਪੰਜਾਬ |
| 4 | ਸਹਾਇਕ ਡਾਇਰੈਕਟਰ, ਡੀ.ਪੀ.ਆਈ (ਸੈ:ਸਿ/ਐ:ਸਿ), ਪੰਜਾਬ | ਸਹਾਇਕ ਡਾਇਰੈਕਟਰ, ਸਕੂਲ ਐਜੂਕੇਸ਼ਨ (ਸੈਕੰਡਰੀ/ਐਲੀਮੈਂਟਰੀ), ਪੰਜਾਬ |

4. ਇਹ ਹੁਕਮ ਤੁਰੰਤ ਲਾਗੂ ਹੋਣਗੇ।

**ਜਸਪ੍ਰੀਤ ਤਲਵਾੜ, ਆਈ.ਏ.ਐਸ**

ਚੰਡੀਗੜ੍ਹ

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਸਕੂਲ ਸਿੱਖਿਆ ਵਿਭਾਗ।

*3635/2-2026/Pb. Govt. Press, S.A.S. Nagar*